# ਕੀ ਤੁਸੀਂ ਵੱਖਰੇ ਦਿਸਣ ਲਈ ਤਿਆਰ ਹੋ?

*ਇਸ ਵੇਲੇ Victoria Police ਨੂੰ ਤੁਹਾਡੀ ਲੋੜ ਹੈ। ਸਾਡੇ ਕੋਲ ਵਿਭਿੰਨ ਤਰ੍ਹਾਂ ਦੀਆਂ ਜੋਸ਼ੀਲੀਆਂ ਅਤੇ ਚੁਣੌਤੀ ਭਰੀਆਂ ਭੂਮਿਕਾਵਾਂ ਹਨ। ਆਪਣੀ ਪਸੰਦ ਦੀ ਚੁਣ ਲਵੋ ...*



***ਪੁਲੀਸ ਮੈਂਬਰ***
*ਪੁਲੀਸ ਇਕ ਇਹੋ ਜਿਹਾ ਪੇਸ਼ਾ ਹੈ ਜੋ ਕਿ ਚੁਣੌਤੀ ਅਤੇ ਇਨਾਮ ਦੇਣ ਵਾਲਾ ਹੈ। ਇਹ ਇਕ ਨਿਰਾਲੀ ਨੌਕਰੀ ਹੈ ਜਿੱਥੇ ਤੁਸੀਂ ਸਾਰੇ ਵਿਕਟੋਰੀਅਨਾਂ ਦੀ ਰੱਖਿਆ ਕਰਦੇ ਹੋ ਤਾਂ ਜੋ ਉਹ ਆਪਣੀ ਜ਼ਿੰਦਗੀ ਸੁਰੱਖਿਆ ਅਤੇ ਸਲਾਮਤੀ ਨਾਲ ਜੀਅ ਸਕਣ।*



***ਪਰੋਟੈਕਟਿਵ ਸਰਵਿਸਜ਼ ਅਫ਼ਸਰ***
*ਇਹ ਸਾਡੀਆਂ ਵੱਧ ਰਹੀਆਂ ਰੇਲ ਦੀਆਂ ਸੇਵਾਵਾਂ ਨੂੰ ਲਗਾਤਾਰ ਸਹਾਰਾ ਦੇਂਦੇ ਹਨ। ਤੁਸੀਂ ਭਾਈਚਾਰੇ ਅਤੇ ਹਰ ਰੋਜ਼ ਰੇਲ ਦੀਆਂ ਸੇਵਾਵਾਂ ਵਰਤਣ ਵਾਲੇ 400,000 ਲੋਕਾਂ ਦੀ ਸੁਰੱਖਿਆ ਵਿੱਚ ਸ਼ਾਮਲ ਹੋਵੋਗੇ।*



***ਵਿਕਟੋਰੀਅਨ ਪਬਲਿਕ ਸਰਵਿਸ***
*ਵਿਕਟੋਰੀਆ ਵਿੱਚ Victoria Police 3000 ਤੋਂ ਵੀ ਜ਼ਿਆਦਾ ਸਹਾਇਕ ਕਰਮਚਾਰੀਆਂ ਨੂੰ ਰੁਜ਼ਗਾਰ ਦੇਂਦੀ ਹੈ, ਕਈ ਤਰ੍ਹਾਂ ਦੀਆਂ ਚੁਣੌਤੀ ਭਰੀਆਂ ਭੂਮਿਕਾਵਾਂ ਨਾਲ Victoria Police ਨੂੰ ਜ਼ਰੂਰੀ ਸਹਾਇਤਾ ਪਰਦਾਨ ਕਰਦੀ ਹੈ।*

**VICTORIA POLICE ਦੇ ਮੈਂਬਰ ਜਾਂ ਪਰੋਟੈਕਟਿਵ ਸਰਵਿਸਜ਼ ਅਫ਼ਸਰ ਬਣਨ ਲਈ ਇਹ ਜ਼ਰੂਰੀ ਚਾਹੀਦਾ ਹੈ:**

- ਉਮਰ 18 ਸਾਲ ਜਾਂ ਉਪਰ
- ਆਸਟਰੇਲੀਆ ਦੇ ਨਾਗਰਿਕ ਜਾਂ ਪੱਕੇ ਵਸਨੀਕ (ਪਰਮਾਨੈਂਟ ਰੈਜ਼ੀਡੈਂਟ)
- ਜੇ ਤੁਸੀਂ 21 ਸਾਲ ਤੋਂ ਘੱਟ ਹੈ ਤਾਂ ਤੁਹਾਡੇ ਲਈ ਵਿਕਟੋਰੀਅਨ ਸਰਟੀਫ਼ਿਕੇਟ ਆਫ ਐਜੂਕੇਸ਼ਨ (ਵੀਸੀਈ) ਜਾਂ ਬਰਾਬਰ ਦਾ ਇਮਤਿਹਾਨ ਪਾਸ ਕੀਤਾ ਹੋਣਾ ਜਰੂਰੀ ਹੈ (ਸੀਨੀਅਰ ਲੈਵਲ ਦਾ ਵਿਕਟੋਰੀਅਨ ਸਰਟੀਫ਼ਿਕੇਟ ਆਫ ਅਪਲਾਈਡ ਲਰਨਿੰਗ (ਵੀਸੀਏਐਲ) ਪਰਵਾਨਤ ਹੈ)
- ਅਪਰਾਧਕ ਅਤੇ ਆਵਾਜਾਈ ਦੇ ਜੁਰਮਾਂ ਨਾਲ ਸਬੰਧਿਤ ਲੋੜੀਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹੋ
- ਨਜ਼ਰ ਦਾ ਮਾਪਦੰਡ ਪੂਰਾ ਕਰਦੇ ਹੋ। ਆਪਣੇ ਸਥਾਨਕ ਅੱਖਾਂ ਦੇ ਡਾਕਟਰ ਨਾਲ ਸੰਪਰਕ ਕਰਕੇ ਪਤਾ ਕਰੋ ਕਿ ਜੇ ਤੁਸੀਂ ਯੋਗ ਹੋ।
- ਤੰਦਰੁਸਤ ਹੋ ਅਤੇ ਸਰੀਰਕ ਚੁਣੌਤੀ ਤੇ ਔਖੇ ਕੰਮ ਕਰਨ ਲਈ ਤਿਆਰ ਹੋ।

ਉਪਰ ਲਿਖੀਆਂ ਯੋਗਤਾ ਜ਼ਰੂਰਤਾਂ ਤੋਂ ਇਲਾਵਾ, ਪੁਲੀਸ ਮੈਂਬਰਾਂ ਕੋਲ ਚਲੰਤ ਮੈਨੂਅਲ ਵਿਕਟੋਰੀਅਨ ਡਰਾਈਵਰ ਲਾਈਸੈਂਸ ਹੋਣਾ ਜ਼ਰੂਰੀ ਹੈ।

**ਸਾਡੀਆਂ ਕਦਰਾਂ ਕੀਮਤਾਂ**
Victoria Police ਭਾਈਚਾਰੇ ਦੇ ਵਿਸ਼ਵਾਸ ਅਤੇ ਸੰਤੁਸ਼ਟੀ ਨੂੰ ਬਹੁਤ ਮਾਨਦੀ ਹੈ। ਅਸੀਂ ਇਸ ਗੱਲ ਲਈ ਵਚਨਬੱਧ ਹਾਂ ਕਿ ਸਾਡੇ ਸਾਰੇ ਲੋਕ ਸਾਡੀਆਂ ਤੱਤ ਕਦਰਾਂ ਕੀਮਤਾਂ ਨੂੰ ਬਣਾਈ ਰੱਖਣ:

ਹੇਠ ਲਿਖੀਆਂ ਕਦਰਾਂ ਕੀਮਤਾਂ ਸਾਰੇ ਮੈਂਬਰਾਂ ਲਈ ਜ਼ਰੂਰੀ ਹਨ:
**ਇਮਾਨਦਾਰੀ**
**ਅਗਵਾਈ**
**ਸ਼ਹਿਨਸ਼ੀਲਤਾ**
**ਇੱਜ਼ਤ**
**ਸਹਾਇਤਾ**
**ਪੇਸ਼ੇਵਰਾਨਾ**

**ਛੁੱਟੀਆਂ**
ਪੁਲੀਸ ਮੈਂਬਰ ਜਾਂ ਪਰੋਟੈਕਟਿਵ ਸਰਵਿਸਜ਼ ਅਫ਼ਸਰ ਬਣਨ ਪਿੱਛੋਂ, ਤੁਹਾਡੀਆਂ ਛੁੱਟੀਆਂ ਦੇ ਹੱਕ ਇਸ ਤਰ੍ਹਾਂ ਹੋਣਗੇ...

- ਹਰ ਸਾਲ ਸੱਤ ਹਫਤਿਆਂ ਦੀ ਦਿਲ ਪਰਚਾਵੇ ਦੀਆਂ ਛੁੱਟੀਆਂ ਦੇ ਨਾਲ ਨਾਲ 10 ਦਿਨਾਂ ਦੀ ਜਮ੍ਹਾਂ ਕੀਤੀ ਛੁੱਟੀ।
- ਸਾਲਾਨਾ 15 ਦਿਨਾਂ ਦੀ ਬਿਮਾਰੀ ਦੀ ਛੁੱਟੀ।
- ਕਈ ਹੋਰ ਤਰ੍ਹਾਂ ਦੀਆਂ ਖੁਲ੍ਹ ਦਿਲੀ ਨਾਲ ਛੁੱਟੀਆਂ; ਜਿਸ ਵਿੱਚ ਜਣੇਪਾ ਤੇ ਪਿਤਾ ਵਜੋਂ ਅਤੇ ਪੜ੍ਹਾਈ ਵਾਸਤੇ ਛੁੱਟੀਆਂ ਸ਼ਾਮਲ ਹਨ।



**ਪੁਲੀਸ ਮੈਂਬਰ**

**ਕੀ ਤੁਹਾਡੇ ਕੋਲ ਉਹ ਸਭ ਕੁਝ ਹੈ ਜੋ ਕਿ Victoria Police ਦਾ ਮੈਂਬਰ ਬਣਨ ਲਈ ਚਾਹੀਦਾ ਹੈ?**
ਜੇ ਤੁਹਾਡੇ ਵਿੱਚ ਸਾਹਸ, ਜੋਸ਼ ਅਤੇ ਜਿੱਥੇ ਤੁਸੀਂ ਰਹਿੰਦੇ ਹੋ ਉਸ ਭਾਈਚਾਰੇ ਦੀ ਸੇਵਾ ਦੀ ਖਾਹਸ਼ ਰੱਖਦੇ ਹੋ ਤਾਂ ਅਸੀਂ ਤੁਹਾਡੇ ਪਾਸੋਂ ਸੁਨਣਾ ਚਾਹੁੰਦੇ ਹਾਂ।

ਪੁਲੀਸ ਇਕ ਇਹੋ ਜਿਹਾ ਪੇਸ਼ਾ ਹੈ ਜੋ ਕਿ ਚੁਣੌਤੀ ਅਤੇ ਇਨਾਮ ਦੇਣ ਵਾਲਾ ਹੈ। ਇਹ ਇਕ ਨਿਰਾਲੀ ਨੌਕਰੀ ਹੈ ਜਿੱਥੇ ਤੁਸੀਂ ਸਾਰੇ ਵਿਕਟੋਰੀਅਨਾਂ ਦੀ ਰੱਖਿਆ ਕਰਦੇ ਹੋ ਤਾਂ ਜੋ ਉਹ ਆਪਣੀ ਜਿੰਦਗੀ ਸੁਰੱਖਿਆ ਅਤੇ ਸਲਾਮਤੀ ਨਾਲ ਜੀਅ ਸਕਣ।

ਕੀ ਤੁਸੀਂ ਉਹ ਹੋ, ਜੋ ਅਸੀਂ ਭਾਲ ਰਹੇ ਹਾਂ? ਅਸੀਂ ਸਾਰੇ ਵਿਕਟੋਰੀਆ ਦੇ ਭਾਈਚਾਰੇ ਵਿੱਚੋਂ ਜੋ ਕਿ ਵਿਭਿੰਨਤਾ ਨੂੰ ਦਰਸਾਉਂਦਾ ਹੈ, ਵਿੱਚੋਂ ਔਰਤਾਂ ਅਤੇ ਆਦਮੀਆਂ ਨੂੰ ਭਰਤੀ ਕਰਨਾ ਚਾਹੁੰਦੇ ਹਾਂ।

ਆਪਣੇ ਬਾਰੇ ਹੋਰ ਜਾਨਣ ਲਈ ਅਤੇ ਇਹ ਵੇਖਣ ਲਈ ਕਿ Victoria Police ਦਾ ਮੈਂਬਰ ਬਣਨ ਲਈ ਕੀ ਚਾਹੀਦਾ ਹੈ, ਸਾਡੀ ਵੈਬਸਾਈਟ ਉਪਰ ਔਨਲਾਈਨ ਯੋਗਤਾ ਤੇ ਅਨੁਕੂਲਤਾ ਦੇ ਇਮਤਿਹਾਨ ਵਿੱਚ ਹਿੱਸਾ ਲਓ।

**ਕੰਮ ਦੇ ਘੰਟੇ**
Victoria Police 24 ਘੰਟੇ, ਹਫ਼ਤੇ ਦੇ ਸੱਤ ਦਿਨ ਸੇਵਾ ਪਰਦਾਨ ਕਰਦੀ ਹੈ। ਇਕ ਸਿਪਾਹੀ ਵਜੋਂ ਤੁਹਾਨੂੰ ਵੀਕਐਂਡ, ਰਾਤ ਦੀਆਂ ਸ਼ਿਫਟਾਂ, ਜਨਤਕ ਛੁੱਟੀਆਂ ਅਤੇ ਵੱਖ ਵੱਖ ਥਾਵਾਂ ਸਮੇਤ ਕਈ ਤਰ੍ਹਾਂ ਦੀਆਂ ਸ਼ਿਫਟਾਂ ਕਰਨੀਆਂ ਪੈਣਗੀਆਂ। ਹਰ ਪੰਦਰਵਾੜੇ ਵਿੱਚ ਇਕ ਪੂਰਾ ਸਮਾਂ ਕੰਮ ਕਰਨ ਵਾਲੇ ਨੂੰ 80 ਘੰਟੇ ਕੰਮ ਕਰਨਾ ਪੈਂਦਾ ਹੈ।

**ਸਿਖਲਾਈ**
ਜਦੋਂ ਤੁਸੀਂ Victoria Police ਅਕੈਡਮੀ ਵਿੱਚ ਰੰਗਰੂਟ ਵਜੋਂ ਸਿਖਲਾਈ ਲਵੋਗੇ ਤਾਂ ਤੁਹਾਨੂੰ ਤਜ਼ਰਬਾ ਹੋਵੇਗਾ ਕਿ ਪੁਲੀਸ ਦਾ ਕੰਮ ਕੀ ਹੈ। ਇਹ 33 ਹਫ਼ਤਿਆਂ ਦੀ ਟਰੇਨਿੰਗ ਪਰਨਾਲੀ ਇਸ ਤਰ੍ਹਾਂ ਤਿਆਰ ਕੀਤੀ ਗਈ ਹੈ ਜੋ ਤੁਹਾਨੂੰ ਗਿਆਨ, ਮੁਹਾਰਤਾਂ ਅਤੇ ਅਜ਼ਮਾਇਸ਼ੀ ਸਿਪਾਹੀ ਵਜੋਂ 'ਕੰਮ ਦੇ ਉਪਰ' ਗਤੀਵਿਧੀ ਵਾਲੀ ਡਿਊਟੀਆਂ ਪੂਰੀਆਂ ਕਰਵਾਉਣ ਲਈ ਵਿਸ਼ਵਾਸ਼ ਪਰਦਾਨ ਕਰਦੀ ਹੈ।

ਅਜ਼ਮਾਇਸ਼ੀ ਸਿਪਾਹੀ ਵਜੋਂ ਪਾਸ ਹੋਣ ਲਈ ਤੁਹਾਨੂੰ ਟਰੇਨਿੰਗ ਦੇ ਸਾਰੇ ਪਹਿਲੂਆਂ ਨੂੰ ਜਰੂਰੀ ਪਾਸ ਕਰਨਾ ਹੋਵੇਗਾ ਅਤੇ ਇਹ ਵਿਖਾਉਣਾ ਹੋਵੇਗਾ ਕਿ ਤੁਹਾਡੇ ਕੋਲ Victoria Police ਦੇ ਵਧੀਆ ਮੈਂਬਰ ਲਈ ਨਿੱਜੀ ਗੁਣ, ਸੁਭਾਅ ਅਤੇ ਵਤੀਰਾ ਹੈ।

**ਅਕੈਡਮੀ ਤੋਂ ਬਾਅਦ**
ਸਿਖਲਾਈ ਪੂਰੀ ਕਰਨ ਤੋਂ ਬਾਅਦ ਤੁਹਾਨੂੰ ਤਿੰਨ ਸ਼ਹਿਰੀ ਖੇਤਰਾਂ ਦੇ ਨਾਮ ਦੱਸਣ ਲਈ ਕਿਹਾ ਜਾਵੇਗਾ ਜਿੱਥੇ ਤੁਸੀਂ ਆਪਣੀ ਅਜ਼ਮਾਇਸ਼ੀ ਟਰੇਨਿੰਗ ਪੂਰੀ ਕਰਨਾ ਚਾਹੁੰਦੇ ਹੋ ਫਿਰ ਵੀ ਤੁਹਾਨੂੰ ਵਿਕਟੋਰੀਆ ਵਿੱਚ ਦਿਹਾਤੀ ਇਲਾਕਿਆਂ ਸਮੇਤ ਕਿਧਰੇ ਵੀ ਲਗਾਇਆ ਜਾ ਸਕਦਾ ਹੈ।

**ਅਰਜ਼ੀ ਦੇਣਾ**
ਜਦੋਂ ਤੁਸੀਂ ਪਤਾ ਲਗਾ ਲਿਆ ਕਿ ਤੁਸੀਂ ਸਾਡੀਆਂ ਯੋਗਤਾਵਾਂ ਪੂਰੀਆਂ ਕਰਦੇ ਹੋ ਅਤੇ ਤੁਸੀਂ ਢੁਕਵਾਂ ਇਮਤਿਹਾਨ ਪਾਸ ਕਰ ਲਿਆ ਤਾਂ ਤੁਸੀਂ Victoria Police ਨੂੰ ਇਕ ਚੁਣੌਤੀ ਭਰੇ ਪੇਸ਼ੇ ਵਜੋਂ ਇਖਤਿਆਰ ਕਰਨ ਵਾਸਤੇ ਅਗਲੇ ਕਦਮ ਪੁੱਟਣ ਲਈ ਤਿਆਰ ਹੋ।



**ਪਰੋਟੈਕਟਿਵ ਸਰਵਿਸਜ਼ ਅਫ਼ਸਰ**

**ਕੀ ਤੁਸੀਂ ਆਪਣੇ ਆਪ ਨੂੰ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਅਤੇ ਇਸ ਵਿੱਚ ਫਰਕ ਪੈਦਾ ਕਰਨ ਯੋਗ ਸਮਝਦੇ ਹੋ?**

ਇਸ ਵੇਲੇ Victoria Police ਉਹਨਾਂ ਲੋਕਾਂ ਨੂੰ ਲੱਭ ਰਹੀ ਹੈ ਜੋ ਵਿਕਟੋਰੀਆ ਵਿੱਚ ਮਹੱਤਵਪੂਰਣ ਭਾਈਚਾਰਕ ਸੇਵਾਵਾਂ ਕਰ ਸਕਣ।

ਪਰੋਟੈਕਟਿਵ ਸਰਵਿਸਜ਼ ਅਫ਼ਸਰ ਵਜੋਂ, ਤੁਸੀਂ ਹਰ ਰੋਜ਼ ਰੇਲ ਦੀਆਂ ਸੇਵਾਵਾਂ ਵਰਤਣ ਵਾਲੇ 400,000 ਗਾਹਕਾਂ ਦੀ ਸੁਰੱਖਿਆ ਵਿੱਚ ਸਹਾਇਤਾ ਕਰੋਗੇ।

ਤੁਹਾਡੀ ਨੌਕਰੀ ਆਮ ਪੁੱਛਗਿੱਛ, ਸਲਾਹ ਪਰਦਾਨ ਕਰਕੇ ਅਤੇ ਭਾਈਚਾਰੇ ਨੂੰ ਸੁਰੱਖਿਅਤ ਮਹਿਸੂਸ ਕਰਵਾਉਣਾ ਯਕੀਨੀ ਬਣਾ ਕੇ ਜਨਤਾ ਦੀ ਸਹਾਇਤਾ ਕਰਨ ਉਪਰ ਕੇਂਦਰਤ ਹੋਵੇਗੀ। ਤੁਹਾਨੂੰ ਸ਼ਰਾਬ ਤੇ ਨਸ਼ੀਲੀਆਂ ਦਵਾਈਆਂ ਅਤੇ ਸੰਪਤੀ ਨੂੰ ਨੁਕਸਾਨ ਪੁਚਾਉਣ ਸਮੇਤ ਗੈਰ-ਸਮਾਜਿਕ ਰਵੱਈਏ ਦੀਆਂ ਘਟਨਾਵਾਂ ਨਾਲ ਸਿੱਝਣਾ ਪੈ ਸਕਦਾ ਹੈ।

**ਕੰਮ ਦੇ ਘੰਟੇ**
ਰੇਲ ਦੇ ਨੈਟਵਰਕ ਦੀ ਸੁਰੱਖਿਆ ਲਈ ਪਰੋਟੈਕਟਿਵ ਸਰਵਿਸਜ਼ ਅਫ਼ਸਰ ਅੱਠ, ਨੌਂ ਜਾਂ ਦਸ ਘੰਟੇ ਕੰਮ ਕਰਨਗੇ। ਉਹਨਾਂ ਨੂੰ ਆਪਣੇ ਮਿਥੇ ਸਟੇਸ਼ਨ ਉਪਰ 6 ਵਜੇ ਸ਼ਾਮ ਤੱਕ ਪਹੁੰਚਣਾ ਪਵੇਗਾ ਅਤੇ ਅਖੀਰਲੀ ਰੇਲਗੱਡੀ ਦੇ ਜਾਣ ਤੱਕ ਉਥੇ ਰਹਿਣਾ ਪਵੇਗਾ।

ਕੁਝ ਘੰਟਿਆਂ ਦਾ ਸ਼ਿਫਟ ਭੱਤਾ ਵੀ ਮਿਲੇਗਾ ਜੋ ਕਿ ਸਾਧਾਰਣ ਤਨਖਾਹ ਤੋਂ ਵੱਖਰਾ ਹੋਵੇਗਾ।

**ਸਿਖਲਾਈ**
ਤੁਸੀਂ 12 ਹਫਤਿਆਂ ਦੀ ਵਿਆਪਕ ਸਿਖਲਾਈ Victoria Police Academy, Glen Waverley ਵਿੱਚ ਸ਼ੁਰੂ ਕਰੋਗੇ। ਤੁਹਾਨੂੰ ਇਹ ਸਿਖਲਾਈ ਉਪਰ ਪੂਰੇ ਸਮੇਂ ਲਈ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰੇ 7:30 ਵਜੇ ਤੋਂ ਸ਼ਾਮੀਂ 4:10 ਵਜੇ ਤੱਕ ਹਾਜ਼ਰ ਹੋਣਾ ਪਵੇਗਾ।

ਪੀ ਐੱਸ ਓ ਦੀ ਸਿਖਲਾਈ ਮੈਂਬਰਾਂ ਨੂੰ ਪਰਭਾਵਸ਼ੀਲ ਮਾਹੌਲ ਵਿੱਚ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਅਤੇ ਹੱਦ ਦਰਜੇ ਦੀਆਂ ਅਣਕਿਆਸੀਆਂ ਸਥਿੱਤੀਆਂ ਵਾਸਤੇ ਤਿਆਰ ਕਰਦੀ ਹੈ।

ਤੁਸੀਂ ਪੁਲੀਸ ਕਰਮਚਾਰੀਆਂ ਵਾਂਗ ਕੁਝ ਹਥਿਆਰਾਂ ਬਾਰੇ ਅਤੇ ਬਚਾਓ ਦੀਆਂ ਤਕਨੀਕਾਂ ਸਿੱਖੋਗੇ ਅਤੇ ਨਿਰਬਲ ਲੋਕਾਂ ਜਿਵੇਂ ਬੇਘਰੇ, ਯੁਵਕਾਂ, ਨਸ਼ੀਲੇ ਪਦਾਰਥ ਖਾਧੇ ਤੇ ਸ਼ਰਾਬ ਨਾਲ ਪਰਭਾਵਤ ਲੋਕਾਂ, ਬਜ਼ੁਰਗ ਅਤੇ ਦਿਮਾਗੀ ਹਾਲਤ ਠੀਕ ਨਾ ਹੋਣ ਵਾਲੇ ਲੋਕਾਂ ਨੂੰ ਇਜ਼ਤ ਕਿਵੇਂ ਦੇਣੀ ਹੈ, ਵੀ ਸਿੱਖੋਗੇ।

**ਅਕੈਡਮੀ ਤੋਂ ਬਾਅਦ**
ਜਦੋਂ 12 ਹਫਤਿਆਂ ਦੇ ਸਿਖਲਾਈ ਕੋਰਸ ਤੋਂ ਬਾਅਦ, ਤੁਸੀਂ ਪਰੋਟੈਕਟਿਵ ਸਰਵਿਸਜ਼ ਅਫ਼ਸਰ ਵਜੋਂ ਗਰੈਜੂਏਟ ਹੋਵੋਗੇ, ਗਰੈਜੂਏਸ਼ਨ ਦੀ ਰਸਮ Victoria Police Academy ਵਿੱਚ ਹੋਵੇਗੀ।

ਸ਼ੁਰੂ ਵਿੱਚ ਤੁਹਾਨੂੰ ਸ਼ਹਿਰ ਦੇ ਲੂਪ ਸਟੇਸ਼ਨਾਂ ਅਤੇ ਕੇਂਦਰੀ ਹੱਬ ਸਟੇਸ਼ਨਾਂ ਜਿਸ ਵਿੱਚ Footscray, North Melbourne, Clifton Hill ਤੇ Richmond ਸ਼ਾਮਲ ਹਨ ਉਪਰ ਲਗਾਇਆ ਜਾਵੇਗਾ। ਤੁਹਾਡੀ ਲਗਾਤਾਰ ਟਰੇਨਿੰਗ ਦੇ ਹਿੱਸੇ ਵਜੋਂ ਟਰਾਂਜ਼ਿਟ ਪੁਲੀਸ ਤੁਹਾਡੀ ਸਹਾਇਤਾ ਕਰੇਗੀ ਅਤੇ ਅਖੀਰ ਵਿੱਚ ਤੁਹਾਨੂੰ ਹੋਰ ਅੱਗੇ ਸਬਅਰਬਨ ਸਟੇਸ਼ਨਾਂ ਉਪਰ ਲਗਾਇਆ ਜਾ ਸਕਦਾ ਹੈ।

**ਅਰਜ਼ੀ ਦੇਣਾ**
ਇਹ ਪਤਾ ਲਗਾਉਣ ਲਈ ਕਿ ਤੁਹਾਡੇ ਕੋਲ ਉਹ ਸਭ ਕੁਝ ਹੈ ਜੋ ਪੀ ਐਸ ਓ ਬਣਨ ਵਾਸਤੇ ਚਾਹੀਦਾ ਹੈ, Victoria Police ਦੀ ਪੇਸ਼ੇਵਰ ਵੈਬਸਾਈਟ policecareer.vic.gov.au/pso ਉਪਰ ਯੋਗਤਾ ਇਮਤਿਹਾਨ ਦਿਓ



**ਵਿਕਟੋਰੀਅਨ ਪਬਲਿਕ ਸਰਵਿਸ**

ਜਦੋਂ ਤੁਸੀਂ ਪੁਲੀਸ ਦੇ ਬਾਰੇ ਵਿੱਚ ਸੋਚਦੇ ਹੋ ਤਾਂ ਤੁਸੀਂ ਭਾਈਚਾਰੇ ਵਿੱਚ ਵਿਚਰਦੇ ਪੁਲੀਸ ਮੈਂਬਰਾਂ ਬਾਰੇ ਸੋਚ ਰਹੇ ਹੁੰਦੇ ਹੋ, ਪਰ Victoria Police ਸਹਾਇਤਾ ਭੂਮਿਕਾਵਾਂ ਵਿੱਚ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਦੇਂਦੀ ਹੈ ਅਤੇ ਸਾਡੇ ਕੋਲ ਤੁਹਾਡੇ ਵਾਸਤੇ ਨੌਕਰੀ ਹੋ ਸਕਦੀ ਹੈ।

Victoria Police ਕੋਲ ਬਹੁਤ ਤਰ੍ਹਾਂ ਦੀਆਂ ਨੌਕਰੀਆਂ ਹਨ ਅਤੇ ਉਹ ਸੰਸਥਾ ਦੀਆਂ ਵਿਭਿੰਨ ਜ਼ਰੂਰਤਾਂ, ਅਪਰਾਧਿਕ ਵਿਗਿਆਨ ਤੋਂ ਮੀਡੀਆ ਤੋਂ ਆਈ ਟੀ ਮਾਹਿਰਾਂ ਤੱਕ ਨੂੰ ਦਰਸਾਉਂਦੀਆਂ ਹਨ।

ਇਹਨਾਂ ਖੇਤਰਾਂ ਵਿੱਚ ਮੌਕੇ ਉਪਲਬਧ ਹਨ:
- ਵਿੱਤੀ ਅਤੇ ਉਪਲਬਧੀ
- ਮਾਨਵ ਸਾਧਨ ਪਰਬੰਧਨ
- ਇਨਫੋਰਮੇਸ਼ਨ ਟੈਕਨੋਲੋਜੀ
- ਆਮ ਪਰਬੰਧ
- ਖੋਜ, ਕਾਰਜਨੀਤੀ ਯੋਜਨਾ ਤੇ ਨੀਤੀ ਵਿਸ਼ਲੇਸ਼ਣ
- ਮਾਹਰ ਜਿਵੇਂ ਕਿ ਉਂਗਲਾਂ ਦੇ ਨਿਸ਼ਾਨਾਂ ਦੇ ਮਾਹਰ, ਵਿਸ਼ਲੇਸ਼ਕ ਅਤੇ ਅਪਰਾਧਿਕ ਵਿਗਿਆਨ ਦੇ ਸਾਇੰਸਦਾਨ।

ਵੱਡੀ ਸੰਸਥਾ ਵਿੱਚ ਕੰਮ ਕਰਨ ਦਾ ਕਈ ਫਾਇਦਿਆਂ ਵਿੱਚੋਂ ਇਕ ਇਹ ਵੀ ਹੈ ਕਿ ਅਲੱਗ ਅਲੱਗ ਇਕਾਈਆਂ ਵਿੱਚ ਕੰਮ ਕਰਨ ਦਾ ਮੌਕਾ ਮਿਲਦਾ ਹੈ, ਵੱਖਰੇ ਵੱਖਰੇ ਖੇਤਰਾਂ ਵਿੱਚ ਅਤੇ ਮੁਹਾਰਤਾਂ ਸਾਂਝੀਆਂ ਕਰਨ ਦਾ ਮੌਕਾ ਮਿਲਦਾ ਹੈ।

Victoria Police ਆਪਣੇ ਕਰਮਚਾਰੀਆਂ ਨੂੰ ਬਹੁਤ ਸਾਰੇ ਖੇਤਰਾਂ ਵਿੱਚ ਪੇਸ਼ੇ ਵਿੱਚ ਤਰੱਕੀ ਦੇ ਮੌਕੇ ਅਤੇ ਆਪਣੇ ਆਪ ਨੂੰ ਬਹੁ-ਪੱਖੀ ਮੁਹਾਰਤਾਂ ਹਾਸਲ ਕਰਨ ਦੇ ਮੌਕੇ ਪਰਦਾਨ ਕਰਦੀ ਹੈ। ਵਿਕਟੋਰੀਆ ਦੇ ਇਕ ਕੋਨੇ ਤੋਂ ਲੈ ਕੇ ਦੂਸਰੇ ਕੋਨੇ ਤੱਕ, ਨੌਕਰੀ ਦੇ ਮੌਕੇ ਸ਼ਹਿਰ ਤੋਂ ਲੈ ਕੇ ਦਿਹਾਤੀ ਖੇਤਰਾਂ ਤੱਕ ਉਪਲਬਧ ਹਨ।

Victoria Police ਨੌਕਰੀ ਵਿੱਚ ਬਰਾਬਰੀ ਦੇ ਮੌਕੇ ਦੇਣ ਵਾਲੀ ਸੰਸਥਾ ਹੈ।

**ਅਸੀਂ ਕੀ ਪਰਦਾਨ ਕਰਦੇ ਹਾਂ**
ਜਦੋਂ ਤੁਸੀਂ Victoria Police ਦਾ ਹਿੱਸਾ ਬਣਦੇ ਹੋ ਤਾਂ ਇਸ ਦਾ ਅਰਥ ਹੈ ਕਿ ਤੁਹਾਨੂੰ ਭਾਈਚਾਰੇ ਵਿੱਚ ਹਿੱਸਾ ਪਾਉਣ ਤੇ ਇਸ ਵਿੱਚ ਫਰਕ ਲਿਆਉਣ ਦਾ ਮੌਕਾ ਮਿਲਦਾ ਹੈ। ਸਾਡੇ ਹਿੱਸੇਦਾਰਾਂ ਨਾਲ ਰਲ ਕੇ ਸੁਰੱਖਿਅਤ ਵਿਕਟੋਰੀਆ ਬਨਾਉਣ ਦੇ ਸਾਡੇ ਮੰਤਵ ਨੂੰ ਪੂਰਾ ਕਰਨ ਲਈ ਸਾਡੀ ਸਹਾਇਤਾ ਕਰੋ ਜਦੋਂ ਕਿ ਅਸੀਂ:

- ਕਨੂੰਨ ਨੂੰ ਲਾਗੂ ਕਰਕੇ ਸੁਰੱਖਿਅਤ ਸਮਾਜ ਬਨਾਉਣਾ
- ਜ਼ੁਰਮ ਦੀ ਪੜਤਾਲ ਕਰਨੀ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ
- ਭਾਈਚਾਰੇ ਨੂੰ ਸਹਾਇਤਾ ਦੇਣੀ ਅਤੇ ਸਿੱਖਿਅਤ ਕਰਨਾ
- ਜ਼ੁਰਮਾਂ ਨੂੰ ਰੋਕਣ ਵਾਲੀਆਂ ਕਾਰਜਨੀਤੀਆਂ ਲਾਗੂ ਕਰਨਾ
- ਦੂਜੇ ਸਰਕਾਰੀ ਵਿਭਾਗਾਂ ਤੇ ਏਜੰਸੀਆਂ ਅਤੇ ਸਥਾਨਿਕ ਭਾਈਚਾਰੇ ਨਾਲ ਮਿਲਵਰਤਨ ਕਰਨਾ।

Victoria Police ਦੇ ਅੰਦਰ ਪਬਲਿਕ ਸਰਵਿਸ ਅਫ਼ਸਰ ਦਾ ਕੰਮ ਕਰਦੇ ਸਮੇਂ, ਤੁਸੀਂ ਸੰਸਥਾ ਦੀਆਂ ਕਾਰਜਨੀਤੀ ਪਹਿਲ ਕਦਮੀ ਨੂੰ ਅੱਗੇ ਵਧਾਉਣਾ ਤੇ ਸਹਾਰਾ ਦੇਣਾ ਹੈ। ਵਿਕਟੋਰੀਆ ਨੂੰ ਸੁਰੱਖਿਅਤ ਬਨਾਉਣ ਵਾਸਤੇ ਅੱਗੇ ਹੋ ਕੇ ਕੰਮ ਕਰਨ ਵਾਲੇ ਪੁਲੀਸ ਮੈਂਬਰਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਵਾਲੇ ਜ਼ਰੂਰੀ ਸਾਧਨ ਪਰਦਾਨ ਕਰਕੇ ਤੁਸੀਂ ਇਹ ਕਰ ਸਕਦੇ ਹੋ।

ਤੁਸੀਂ ਵਿਕਟੋਰੀਆ ਸਰਕਾਰ ਅਤੇ ਇਕ ਬਹੁਤ ਵਧੀਆ ਸੰਸਥਾ ਜਿਸ ਦਾ ਨਾਮ Victoria Police ਹੈ, ਨਾਲ ਕੰਮ ਕਰਕੇ ਬਹੁਤ ਸਾਰੇ ਫਾਇਦਿਆਂ ਦੇ ਹੱਕਦਾਰ ਵੀ ਬਣ ਜਾਓਗੇ।

**ਅਰਜ਼ੀ ਦੇਣਾ**

Victoria Police ਦੀਆਂ ਸਾਰੀਆਂ ਚਲੰਤ ਨੌਕਰੀਆਂ ਨੂੰ ਵਿਕਟੋਰੀਆ ਸਰਕਾਰ ਦੀ ਵੈਬਸਾਈਟ www.careers.vic.gov.au ਉਪਰ ਵਿਗਿਆਪਤ ਕੀਤਾ ਜਾਂਦਾ ਹੈ।

ਸਾਰੇ ਸਫ਼ਲ ਅਰਜ਼ੀਕਰਤਾਵਾਂ ਨੂੰ ਨਿਯੁਕਤੀ ਦੇਣ ਤੋਂ ਪਹਿਲਾਂ ਕਈ ਸਾਰੀਆਂ ਸੁਰੱਖਿਆ ਪੜਤਾਲਾਂ ਵਿੱਚੋਂ ਦੀ ਲੰਘਣਾ ਪਵੇਗਾ, ਜਿਸ ਵਿੱਚ ਜ਼ੁਰਮ ਦਾ ਰਿਕਾਰਡ, ਉਂਗਲਾਂ ਦੇ ਨਿਸ਼ਾਨ ਅਤੇ ਆਰਥਿਕ ਪੜਤਾਲਾਂ ਸ਼ਾਮਲ ਹਨ।